Punjabi

Alberta Health Services

Provincial Injury Prevention Program

# ਬੱਚਿਆਂ ਦੀ ਆਵਾਜਾਈ (Child Transportation)

## ਨਵੀਆਂ ਹਿਦਾਇਤਾਂ (New Guidelines)



## ਰੀਅਰ-ਫੇਸਿੰਗ ਕਾਰ ਸੀਟਾਂ
**(REAR-FACING CAR SEATS)**

ਤੁਹਾਡੇ ਬੱਚੇ ਦੇ ਜਨਮ ਤੋਂ ਹੀ ਰੀਅਰ-ਫੇਸਿੰਗ ਕਾਰ ਸੀਟਾਂ ਦੀ ਵਰਤੋਂ ਕਰੋ। ਜਦੋਂ ਤੁਹਾਡਾ ਬੱਚਾ ਬੱਚਿਆਂ ਵਾਲੀ ਰੀਅਰ-ਫੇਸਿੰਗ ਕਾਰ ਸੀਟ ਤੋਂ ਵੱਡਾ ਹੋ ਜਾਂਦਾ ਹੈ, ਤਾਂ ਆਪਣੇ ਬੱਚੇ ਦਾ ਮੂੰਹ ਪਿੱਛੇ ਵੱਲ ਕਰਕੇ ਰੱਖਣ ਲਈ ਵੱਡੀ ਕਾਰ ਸੀਟ ਦਾ ਇਸਤੇਮਾਲ ਕਰੋ।

ਆਪਣੇ ਬੱਚੇ ਦਾ ਮੂੰਹ ਉਦੋਂ ਤੱਕ ਪਿੱਛੇ ਵੱਲ ਕਰਕੇ ਰੱਖੋ ਜਦੋਂ ਤੱਕ ਉਹ ਘੱਟੋ-ਘੱਟ 2 ਸਾਲ ਦਾ ਨਹੀਂ ਹੁੰਦਾ **ਜਾਂ** ਜਦੋਂ ਤੱਕ ਉਹਨਾਂ ਦਾ ਕੱਦ ਜਾਂ ਭਾਰ ਵੱਡੀ ਰੀਅਰ ਫੇਸਿੰਗ ਕਾਰ ਸੀਟ ਦੀ ਭਾਰ ਜਾਂ ਕੱਦ ਦੀ ਸੀਮਾ ਤੋਂ ਵੱਧ ਨਹੀਂ ਜਾਂਦਾ।

## ਫਾਰਵਰਡ-ਫੇਸਿੰਗ ਕਾਰ ਸੀਟਾਂ
**(FORWARD-FACING CAR SEATS)**

ਆਪਣੇ ਬੱਚੇ ਲਈ ਉਦੋਂ ਫਾਰਵਰਡ-ਫੇਸਿੰਗ ਕਾਰ ਸੀਟ ਵਰਤੋ ਜਦੋਂ ਉਹ ਘੱਟੋ-ਘੱਟ 2 ਸਾਲ ਦਾ ਹੋ ਜਾਂਦਾ ਹੈ **ਜਾਂ** ਜਦੋਂ ਉਹਨਾਂ ਦਾ ਕੱਦ ਜਾਂ ਭਾਰ ਵੱਡੀ ਰੀਅਰ ਫੇਸਿੰਗ ਕਾਰ ਸੀਟ ਦੀ ਭਾਰ ਜਾਂ ਕੱਦ ਦੀ ਸੀਮਾ ਤੋਂ ਵੱਧ ਜਾਂਦਾ ਹੈ। ਉਦੋਂ ਤੱਕ ਫਾਰਵਰਡ-ਫੇਸਿੰਗ ਕਾਰ ਸੀਟ ਵਰਤੋ ਜਦੋਂ ਤੱਕ ਤੁਹਾਡਾ ਬੱਚਾ ਇਸ ਕਾਰ ਸੀਟ ਦੀ ਭਾਰ ਜਾਂ ਕੱਦ ਦੀ ਸੀਮਾ ਤੋਂ ਵੱਡਾ ਨਹੀਂ ਹੋ ਜਾਂਦਾ।

## ਬੂਸਟਰ ਸੀਟਾਂ
**(BOOSTER SEATS)**

ਤੁਹਾਡੇ ਬੱਚੇ ਨੂੰ ਉਦੋਂ ਬੂਸਟਰ ਸੀਟ ਵਿਚ ਸਵਾਰੀ ਕਰਨੀ ਚਾਹੀਦੀ ਹੈ ਜਦੋਂ ਉਹਨਾਂ ਦਾ ਕੱਦ ਜਾਂ ਭਾਰ ਉਹਨਾਂ ਦੀ ਫਾਰਵਰਡ ਫੇਸਿੰਗ ਕਾਰ ਸੀਟ ਦੀ ਭਾਰ ਜਾਂ ਕੱਦ ਦੀ ਸੀਮਾ ਤੋਂ ਵੱਧ ਜਾਂਦਾ ਹੈ। ਬੂਸਟਰ ਸੀਟ ਬੱਚੇ ਨੂੰ ਉੱਪਰ ਚੁੱਕਦੀ ਹੈ ਤਾਂ ਜੋ ਬਾਲਗ ਸੀਟ ਬੈਲਟ ਉਹਨਾਂ ਦੇ ਛੋਟੇ ਜਿਹੇ ਸਰੀਰ ਨੂੰ ਫਿੱਟ ਕਰ ਸਕੇ।

ਜਦੋਂ ਤੱਕ ਤੁਹਾਡਾ ਬੱਚਾ 145 ਸੈਂਟੀਮੀਟਰ (4 ਫੁੱਟ 9 ਇੰਚ) ਲੰਬਾ ਨਹੀਂ ਹੋ ਜਾਂਦਾ **ਜਾਂ** ਉਹਨਾਂ ਦਾ ਕੱਦ ਜਾਂ ਭਾਰ ਬੂਸਟਰ ਸੀਟ ਦੇ ਭਾਰ ਜਾਂ ਕੱਦ ਦੀ ਸੀਮਾ ਤੋਂ ਵੱਧ ਨਹੀਂ ਜਾਂਦਾ, ਉਦੋਂ ਤੱਕ ਇੱਕ ਬੂਸਟਰ ਸੀਟ ਦੀ ਵਰਤੋਂ ਕਰੋ।

13 ਸਾਲ ਤੋਂ ਘੱਟ ਉਮਰ ਦੇ ਬੱਚੇ ਪਿਛਲੀ ਸੀਟ ‘ਤੇ ਸਭ ਤੋਂ ਵੱਧ ਸੁਰੱਖਿਅਤ ਰਹਿੰਦੇ ਹਨ। ਆਪਣੀ ਕਾਰ ਦੀ ਨਿਯਮਾਵਲੀ ਅਤੇ ਕਾਰ ਸੀਟ ਦੀਆਂ ਹਦਾਇਤਾਂ ਹਮੇਸ਼ਾ ਪੜ੍ਹੋ।

**ਜਾਣੋ**

www.ahs.ca/injuryprevention ‘ਤੇ ਜਾਓ